NSW KIDS + FAMILIES

SWIS-H
STATEWIDE INFANT SCREENING - HEARING



# ਮੇਰੇ ਬੱਚੇ ਨੂੰ ਡਾਇਗਨੌਸਟਿਕ ਆਡੀਓਲੌਜੀ ਮੁਲੰਕਣ ਲਈ ਸਿੱਧਾ ਰੈਫ਼ਰ ਕਿਉਂ ਕੀਤਾ ਗਿਆ ਹੈ?

ਤੁਹਾਡੇ ਬੱਚੇ ਦੇ ਜੀਵਨ ਦੇ ਪਹਿਲੇ ਹਫ਼ਤਿਆਂ ਦੌਰਾਨ ਕਈ ਵਾਰ ਲਗਾਤਾਰ ਮੈਡੀਕਲ ਚੈਕਅਪ ਕੀਤਾ ਜਾਵੇਗਾ। ਇਨ੍ਹਾਂ ਵਿਚੋਂ ਇੱਕ ਚੈਕਅਪ ਸੁਣਨ-ਸ਼ਕਤੀ ਦਾ ਵੀ ਹੁੰਦਾ ਹੈ।

ਸੁਣਨ-ਸ਼ਕਤੀ ਦੀ ਜਾਂਚ ਦੀ ਪੇਸ਼ਕਸ਼ ਬੱਚੇ ਦੇ ਜਨਮ ਦੇ ਛੇਤੀ ਮਗਰੋਂ ਕੀਤੀ ਜਾਵੇਗੀ। ਇਹ ਜਾਂਚ ਕੁੱਝ ਬੱਚਿਆਂ ਲਈ ਵਾਜਬ ਨਹੀਂ ਹੁੰਦੀ ਕਿਉਂਕਿ ਅਜਿਹੇ ਮਾਮਲਿਆਂ ਵਿੱਚ ਜਾਂਚ ਸਹੀ ਨਹੀਂ ਹੋ ਸਕਦੀ। ਇਸ ਦੀ ਥਾਂ ਇੱਕ ਆਡੀਓਲੌਜਿਸਟ, ਜੋ ਸੁਣਨ-ਸ਼ਕਤੀ ਦੀ ਜਾਂਚ ਦਾ ਮਾਹਿਰ ਹੁੰਦਾ ਹੈ, ਵੱਲੋਂ ਇਨ੍ਹਾਂ ਬੱਚਿਆਂ ਨੂੰ ਡਾਇਗਨੌਸਟਿਕ ਮੁਲੰਕਣ ਲਈ ਸਿੱਧਾ ਰੈਫ਼ਰ ਕੀਤਾ ਜਾਵੇਗਾ।

## ਮੇਰੇ ਬੱਚੇ ਨੂੰ ਇੱਕ ਡਾਇਗਨੌਸਟਿਕ ਮੁਲੰਕਣ ਲਈ ਸਿੱਧਾ ਕਿਉਂ ਰੈਫ਼ਰ ਕੀਤਾ ਗਿਆ ਹੈ?

ਸਿੱਧਾ ਰੈਫ਼ਰ ਕੀਤਾ ਜਾਣ ਦੇ ਕੁੱਝ ਕਾਰਣ ਇਹ ਹਨ:

- ਐਟਰੀਸੀਆ (ਈਅਰ ਕੈਨਾਲ ਦਾ ਨਾ ਹੋਣਾ)
- ਮਾਈਕ੍ਰੋਸ਼ੀਆ (ਅਧੂਰਾ ਜਾਂ ਅਰਧ-ਵਿਕਸਤ ਕੰਨ)
- ਬੈਕਟੀਰੀਅਲ ਜਾਂ ਵਾਇਰਲ ਮੈਨਿਨਜਾਇਟਿਸ (ਪੁਸ਼ਟੀ ਹੋਇਆ ਜਾਂ ਸ਼ੱਕੀ)
- ਬੁੱਲ੍ਹ/ਕਾਂ ਦਾ ਕੱਟਿਆ ਹੋਣਾ
- ਡਾਊਨ ਸਿੰਡਰੋਮ

ਜਿਹੜੇ ਬੱਚੇ ਕਦੇ ਇੰਟੈਂਸਿਵ ਕੇਅਰ ਵਿੱਚ ਰਹੇ ਹੋਣ, ਉਨ੍ਹਾਂ ਨੂੰ ਵੀ ਬੱਚਿਆਂ ਦੇ ਡਾਕਟਰ ਦੀ ਸਲਾਹ ਪਿੱਛੋਂ ਸਵਿਸ਼(SWIS-H) ਕੋਆਰਡੀਨੇਟਰ ਵੱਲੋਂ ਡਾਇਗਨੌਸਟਿਕ ਮੁਲੰਕਣ ਲਈ ਸਿੱਧਾ ਰੈਫ਼ਰ ਕੀਤਾ ਜਾ ਸਕਦਾ ਹੈ, ਭਾਵੇਂ ਉਸ ਦਾ ਸੁਣਨ-ਸ਼ਕਤੀ ਦਾ ਚੈਕਅਪ ਪਹਿਲਾਂ ਸਫ਼ਲਤਾਪੂਰਬਕ ਕੀਤਾ ਜਾ ਚੁੱਕਾ ਹੈ।

ਪੈਦਾ ਹੋਣ ਵਾਲੇ ਹਰੇਕ 1000 ਬੱਚਿਆਂ ਵਿਚੋਂ ਲਗਭਗ ਇੱਕ ਤੋਂ ਦੋ ਬੱਚਿਆਂ ਨੂੰ ਸੁਣਨ ਸ਼ਕਤੀ ਦੇ ਮਹੱਤਵਪੂਰਣ ਨੁਕਸਾਨ ਦਾ ਖ਼ਦਸ਼ਾ ਰਹਿੰਦਾ ਹੈ।

ਜਿੰਨੀ ਛੇਤੀ ਸੰਭਵ ਹੋ ਸਕੇ, ਓਨੀ ਹੀ ਛੇਤੀ ਇਹ ਚੈਕ ਕਰਨਾ ਮਹੱਤਵਪੂਰਣ ਹੁੰਦਾ ਹੈ ਕਿ ਤੁਹਾਡਾ ਬੱਚਾ ਕਿੰਨੀ ਚੰਗੀ ਤਰ੍ਹਾਂ ਸੁਣਦਾ ਹੈ ਤਾਂ ਜੋ ਤੁਹਾਡਾ ਬੱਚਾ ਸਹੀ ਸਲਾਹ ਅਤੇ ਮਦਦ ਲੈ ਸੱਕੇ।

ਜੇ ਤੁਸੀਂ ਹਸਪਤਾਲ ਤੋਂ 100 ਕਿਲੋ ਮੀਟਰ ਤੋਂ ਵੱਧ ਦੀ ਦੂਰੀ 'ਤੇ ਰਹਿੰਦੇ ਹੋ, ਜਿੱਥੇ ਤੁਹਾਨੂੰ ਰੈਫ਼ਰ ਕੀਤਾ ਗਿਆ ਹੋਵੇ, ਉਸ ਵਿਅਕਤੀ ਤੋਂ ਪੁੱਛੋ, ਜਿਸ ਨੇ ਤੁਹਾਨੂੰ ਸਵਿਸ਼ ਟਰੈਵਲ ਅਸਿਸਟੈਂਸ ਸਕੀਮ (SWIS-H Travel Assistance Scheme) ਬਾਰੇ ਜਾਣਕਾਰੀ ਲਈ ਇਹ ਵਿਵਰਣਿਕਾ ਪੁਸਤਿਕਾ ਦਿੱਤੀ ਸੀ।

ਡਾਇਗਨੌਸਟਿਕ ਮੁਲੰਕਣ ਬਾਰੇ ਜਾਣਕਾਰੀ ਲਈ, ਉਸ ਵਿਅਕਤੀ ਤੋਂ ਪੁੱਛੋ ਜਿਸ ਨੇ ਤੁਹਾਨੂੰ ਇਹ ਪੁਸਤਿਕਾ 'ਮੇਰੇ ਬੱਚੇ ਨੂੰ ਡਾਇਗਨੌਸਟਿਕ ਮੁਲੰਕਣ ਦੀ ਲੋੜ ਕਿਉਂ ਹੈ?' ('Why does my baby need a diagnostic assessment?') ਦਿੱਤੀ ਸੀ।

### ਹੋਰ ਜਾਣਕਾਰੀ ਲਈ ਨਿਊ ਸਾਊਥ ਵੇਲਜ਼ ਕਿਡਜ਼ ਐਂਡ ਫ਼ੈਮਿਲੀਜ਼ (NSW KIDS AND FAMILIES) ਨਾਲ ਸੰਪਰਕ ਕਰੋ:

ਟੈਲੀਫ਼ੋਨ (02) 9391 9483

ਵੈਬਸਾਈਟ:
http://www.kidsfamilies.health.nsw.gov.au/programs/programs-and-initiatives/swis-h/

ਸਥਾਨਕ ਸੰਪਰਕ/ਮਿਲਣ ਦੇ ਸਮੇਂ ਦੇ ਵੇਰਵੇ

ਸਿਹਤ ਬਾਰੇ ਸਲਾਹ ਲਈ *healthdirect Australia* ਨਾਲ ਸੰਪਰਕ ਕਰੋ
http://www.healthdirect.gov.au/
**1800 022 222**

**Punjabi** - Why has my baby been referred directly for a diagnostic audiology assessment?

NSW GOVERNMENT | Health

© NSW Health March 2015 SHPN (NKF) 150295